Class 12th ( Sr. Secodary)

ਰੋਲ ਨੰ. | | | | | | | | | | |

**ਪੰਜਾਬੀ**

**PUNJABI**

**ACADEMIC/OPEN**

( Only for Fresh/Re-appear/Improvement/Additional Candidates)

ਸਮਾਂ :- 3 ਘੰਟੇ ਕੁੱਲ ਅੰਕ - 80

* ਵਿਦਿਆਰਥੀ ਧਿਆਨ ਨਾਲ ਦੇਖ ਲੈਣ ਕਿ ਇਸ ਪ੍ਰਸ਼ਨ-ਪੱਤਰ ਵਿੱਚ ਪੰਨਿਆ ਦੀ ਸੰਖਿਆ 07 ਅਤੇ ਪ੍ਰਸ਼ਨ 16 ਹਨ।

* ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ ਕੋਡ ਨੰ ਅਤੇ ਸੈਟ ਨੂੰ ਉੱਤਰ-ਪੁਸਤਕਾ ਦੇ ਮੁੱਖ ਪੰਨੇ 'ਤੇ ਲਿਖੋ।

* ਪ੍ਰਸ਼ਨ ਦਾ ਉੱਤਰ ਲਿਖਣ ਤੋਂ ਪਹਿਲਾਂ ਪ੍ਰਸ਼ਨ ਦਾ ਨੰਬਰ ਜ਼ਰੂਰ ਲਿਖੋ।

* ਆਪਣੀ ਉੱਤਰ-ਪੁਸਤਕਾ ਵਿੱਚ ਖ਼ਾਲੀ ਪੰਨਾ ਨਾ ਛੱਡੋ।

* ਇਸ ਉੱਤਰ-ਪੁਸਤਕਾ ਤੋਂ ਇਲਾਵਾ ਕੋਈ ਹੋਰ ਸੀਟ ਨਹੀਂ ਮਿਲੇਗੀ, ਇਸ ਲਈ ਢੁੱਕਵੇਂ ਸ਼ਬਦਾਂ ਵਿੱਚ ਹੀ ਉੱਤਰ ਲਿਖੇ ਜਾਣ।

* ਪ੍ਰੀਖਿਆਰਥੀ ਆਪਣਾ ਰੋਲ ਨੰਬਰ ਪ੍ਰਸ਼ਨ-ਪੱਤਰ 'ਤੇ ਜ਼ਰੂਰ ਲਿਖਣ।ਰੋਲ ਨੰਬਰ ਤੋਂ ਇਲਾਵਾ ਪ੍ਰਸ਼ਨ-ਪੱਤਰ 'ਤੇ ਕੁਝ ਨਾ ਲਿਖੋ ਅਤੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।

* ਪ੍ਰਸ਼ਨਾਂ ਦੇ ਉੱਤਰ ਲਿਖਣ ਤੋਂ ਪਹਿਲਾਂ ਇਹ ਦੇਖ ਲਵੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ।ਪ੍ਰੀਖਿਆ ਤੋਂ ਬਾਅਦ ਇਸ ਦੇ ਸੰਬੰਧ ਵਿੱਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਵੇਗਾ।

ਨੋਟ : ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।

## ਭਾਗ – ੳ

ਪ੍ਰਸ਼ਨ 1. – ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁੱਕਵਾਂ ਸਿਰਲੇਖ ਦਿਓ। 3+2=5

ਕਿਰਤ ਕਰਨਾ ਮਨੁੱਖ ਦੇ ਜੀਵਨ ਦਾ ਪ੍ਰਮੁੱਖ ਅੰਗ ਹੈ।ਉਸ ਦੇ ਜੀਵਨ ਦਾ ਬਹੁਤ ਵੱਡਾ ਹਿੱਸਾ ਕੰਮ ਕਰਨ ਵਿੱਚ ਗੁਜ਼ਰਦਾ ਹੈ।ਕੰਮ ਕਰਨਾ ਉਸ ਦੇ ਜੀਵਨ ਦਾ ਆਹਰ ਹੀ ਨਹੀਂ ਸਗੋਂ ਵੱਡੀ ਲੋੜ ਹੈ।ਉਸ ਦੇ ਜੀਵਨ ਦਾ ਬਹੁਤਾ ਹਿੱਸਾ ਕੰਮ ਅਤੇ ਅਰਾਮ ਵਿੱਚ ਵੰਡਿਆ ਹੋਇਆ ਹੈ।ਅਰਾਮ ਅਤੇ ਵਿਹਲ ਦੇ ਸਮੇਂ ਵਿੱਚ ਅਸੀਂ ਕੰਮ ਕਰਦੇ ਹਾਂ,ਕੇਵਲ ਪੂਰਨ ਅਰਾਮ 'ਤੇ ਨੀਂਦ ਦੀ ਹਾਲਤ ਵਿੱਚ ਹੀ ਸਾਨੂੰ ਕੋਈ ਕੰਮ ਨਹੀਂ ਕਰਨਾ ਪੈਂਦਾ।ਜੇ ਜ਼ਰਾ ਗਹੁ ਨਾਲ ਵੇਖਿਆ ਜਾਵੇ ਤਾਂ ਕੰਮ ਕਰਨਾ ਹੀ ਜਿੰਦਗੀ ਹੈ।ਅਰਥਾਤ ਗਤੀ ਤੇ ਹਰਕਤ ਹੀ ਜੀਵਨ ਦਾ ਚਿੰਨ੍ਹ ਹੈ।ਬੇਹਰਕਤ ਪਦਾਰਥ ਜਾਂ ਨਿਰਜਿੰਦ ਮਾਦਾ ਵਿੱਚ ਜੀਵਨ ਨਹੀਂ ਗਿਣਿਆ ਜਾ ਸਕਦਾ।ਮਨੁੱਖੀ ਜੀਵਨ ਦੀ ਗਤੀਸ਼ੀਲਤਾ,ਕੰਮਾਂ-ਕਾਜਾਂ ਨਾਲ ਓਤ-ਪੋਤ ਹੈ ਅਥਵਾ ਇਹੀ ਉਸ ਦੀ ਪ੍ਰਗਤੀ ਦੀ ਪ੍ਰਤੀਕ ਤੇ ਪ੍ਰਮਾਣ ਹੈ।ਮਨੁੱਖੀ ਜੀਵਨ ਦੀ ਸਫਲਤਾ ਦਾ ਰਹੱਸ ਕਿਰਤ ਵਿੱਚ ਹੀ ਲੁੱਕਿਆ ਹੋਇਆ ਹੈ।

ਪ੍ਰਸ਼ਨ 2. –ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ, ਆਪਣੀ ਯੋਗਤਾ ਤੇ ਸਮਰਥਾ ਦੱਸਦੇ ਹੋਏ ਕਿਸੇ ਨਜਦੀਕੀ ਬੈਂਕ ਤੋਂ ਸਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ ਪ੍ਰਬੰਧਕ ਨੂੰ ਪੱਤਰ ਲਿਖੋ। 5

ਜਾਂ

ਤੁਹਾਡਾ ਨਾਮ ਅਮਨ ਹੈ।ਤੁਸੀਂ ਭਗਤ ਸਿੰਘ ਨਗਰ ਕਰਨਾਲ ਦੇ ਰਹਿਣ ਵਾਲੇ ਹੋ।ਤੁਸੀਂ ਦੀਪ ਫੋਟੋਸਟੇਟ ਅੰਬਾਲਾ ਤੋਂ ਇੱਕ ਫੋਟੋਸਟੇਟ ਮਸ਼ੀਨ ਮੰਗਵਾਈ ਸੀ ਜੋ ਠੀਕ ਨਹੀਂ ,ਫੋਟੋਸਟੇਟ ਕਾਪੀ ਠੀਕ ਨਹੀਂ ਕੱਢਦੀ।ਇਸ ਮਸ਼ੀਨ ਨੂੰ ਬਦਲਣ ਜਾਂ ਠੀਕ ਕਰਵਾਉਣ ਬਾਰੇ ਪੱਤਰ ਲਿਖੋ।

ਪ੍ਰਸ਼ਨ 3.- ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ 100 ਤੋਂ 150 ਸ਼ਬਦਾਂ ਵਿੱਚ ਲੇਖ ਲਿਖੋ। 5

1. ਖ਼ੂਨਦਾਨ
2. ਸਾਈਬਰ ਅਪਰਾਧ
3. ਵਾਤਾਵਰਨ ਦੀ ਸੰਭਾਲ

ਪ੍ਰਸ਼ਨ 4.- ਹੇਠ ਲਿਖੇ ਪ੍ਰਸ਼ਨਾਂ ਦੇ ਦੱਸੇ ਅਨੁਸਾਰ ਉੱਤਰ ਲਿਖੋ – 1*7=7

ੳ) ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਹੈ –

(i) ਅੱਖਰ (ii) ਸ਼ਬਦ

(iii) ਵਾਕ (iv) ਵਾਕਾਂਸ

ਅ) ਬਣਤਰ ਦੇ ਅਧਾਰ 'ਤੇ ਵਾਕ ਦੀਆਂ ਕਿਸਮਾਂ ਹਨ –

(i) ਤਿੰਨ (ii) ਦੋ

(iii) ਚਾਰ (iv) ਛੇ

ੲ) ਖ਼ੁਸ਼ੀ,ਗਮੀ,ਹੈਰਾਨੀ ਜਾਂ ਵਿਸਮੈ ਦਾ ਭਾਵ ਪ੍ਰਗਟ ਕਰਨ ਵਾਲਾ ਵਾਕ :-

(i) ਸਧਾਰਨ ਵਾਕ (ii) ਵਿਸਮਿਕ ਵਾਕ

(iii) ਪ੍ਰਸ਼ਨ-ਵਾਚਕ ਵਾਕ (iv) ਨਾਂਹ-ਵਾਚਕ ਵਾਕ

ਸ) ਬਿਨਾਂ ਅਰਥ ਬਦਲੇ ਦੂਜੀ ਪ੍ਰਕਾਰ ਦੇ ਵਾਕ ਵਿੱਚ ਬਦਲਣਾ ਹੁੰਦਾ ਹੈ-

(i) ਸ਼ਬਦ-ਰਚਨਾ (ii) ਅਰਥ ਬਦਲਣਾ

(iii) ਵਾਕ- ਬੋਧ (iv) ਵਾਕ-ਵਟਾਂਦਰਾ

ਹ) ਉਹ ਨਸ਼ਿਆਂ ਵਿੱਚੇ ਪੈ ਕੇ ਕੰਗਾਲ ਹੋ ਗਿਆ ।( ਸੰਯੁਕਤ ਵਾਕ ਬਣਾਓ)

ਕ) ਸਿਰਫ਼ ਮਾਂ ਹੀ ਬੱਚੇ ਨੂੰ ਪਾਲ਼ ਸਕਦੀ ਹੈ।( ਬਿਨਾਂ ਅਰਥ ਬਦਲੇ ਨਾਂਹ-ਵਾਚਕ ਵਾਕ ਬਣਾਓ)

ਖ) ਤੁਹਾਡੀ ਸਿਆਣਪ ਨੂੰ ਸਭ ਜਾਣਦੇ ਹਨ। ( ਪ੍ਰਸ਼ਨ-ਵਾਚਕ ਵਾਕ ਬਣਾਓ)

ਪ੍ਰਸ਼ਨ 5.- ਹੇਠ ਲਿਖੇ ਅਖਾਣਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤ ਕੇ ਸਥਿਤੀ ਸਪਸ਼ਟ ਕਰੋ । 2*4=8

(ੳ) ਇੱਕ ਚੁੱਪ ਤੇ ਸੌ ਸੁੱਖ (ਅ) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ

(ੲ) ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ (ਸ) ਵੇਲੇ ਦੀ ਨਮਾਜ਼,ਕੁਵੇਲੇ ਦੀਆਂ ਟੱਕਰਾਂ

(ਹ) ਸਹਿਜ ਪੱਕੇ ਸੋ ਮੀਠਾ ਹੋਇ (ਕ) ਦੂਰ ਦੇ ਢੋਲ ਸੁਹਾਉਣੇ ।

## ਭਾਗ – ਅ

ਪ੍ਰਸ਼ਨ 6.-ਹੇਠ ਲਿਖੇ ਪ੍ਰਸ਼ਨਾਂ ਦੇ ਦੱਸੇ ਅਨੁਸਾਰ ਉੱਤਰ ਦਿਓ। 1*4=4

(ੳ) ਪੰਜਾਬ ਦੇ 'ਮੇਲੇ ਤੇ ਤਿਉਹਾਰ' ਪਾਠ ਦਾ ਲੇਖਕ ਹੈ :

(i) ਗੁਲਜ਼ਾਰ ਸਿੰਘ ਸੰਧੂ (ii) ਸੁਖਦੇਵ ਸਾਦਪੁਰੀ

(iii) ਡਾ.ਐਸ.ਐਸ. ਵਣਜਾਰਾ ਬੇਦੀ (iv) ਡਾ. ਬਰਿੰਦਰ ਕੌਰ

(ਅ) 'ਬਾਰਾਂ ਟਾਹਣੀ' ਕਿਸ ਦੀ ਖੇਡ ਹੈ :

(i) ਬੱਚਿਆਂ ਦੀ (ii) ਵੱਡੇ-ਵਡੇਰਿਆਂ ਦੀ

(iii) ਕੁੜੀਆਂ ਦੀ (iv) ਨੌਜਵਾਨਾਂ ਦੀ

(ੲ) 'ਸੱਭਯ' ਦਾ ਸ਼ਾਬਦਿਕ ਅਰਥ ਕੀ ਹੈ ?

(ਸ) 'ਛਟੀ' ਦੀ ਰਸਮ ਬੱਚੇ ਦੇ ਜਨਮ ਤੋਂ ਕਿਸ ਦਿਨ ਹੁੰਦੀ ਹੈ ?

ਪ੍ਰਸ਼ਨ 7.- ਹੇਠ ਲਿਖੇ ਪ੍ਰਸ਼ਨਾਂ ਦੇ ਦੱਸੇ ਉੱਤਰ ਦਿਓ। 2*3=6

(ੳ) ਸੱਭਿਆਚਾਰ ਤੋਂ ਕੀ ਭਾਵ ਹੈ ?

(ਅ) ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਤਿਉਹਾਰ ਨੂੰ ਕਿਹੜੀ ਨਵੀਂ ਦਿਸ਼ਾ ਦਿੱਤੀ ?

(ੲ) 'ਲੋਕ ਖੇਡਾਂ' ਦੇ ਅਲੋਪ ਹੋਣ ਦੇ ਕੀ ਕਾਰਨ ਹਨ ?

ਪ੍ਰਸ਼ਨ 8.- ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ। 3*2=6

(ੳ) 'ਸਾਹੇ ਦੀ ਚਿੱਠੀ' ਜਾਂ 'ਲਗਨ' ਬਾਰੇ ਜਾਣਕਾਰੀ ਦਿਓ ?

(ਅ) ਇਸਤਰੀਆਂ ਦੇ ਮੁੱਖ ਲੋਕ-ਨਾਚਾਂ ਦਾ ਵਰਨਣ ਕਰੋ?

ਪ੍ਰਸ਼ਨ 9.-ਹੇਠ ਲਿਖੇ ਪ੍ਰਸ਼ਨਾਂ ਦੇ ਦੱਸੇ ਅਨੁਸਾਰ ਉੱਤਰ ਦਿਓ। 1*5=5

(ੳ) ਛਹਿਬਰ ਤੋਂ ਕੀ ਭਾਵ ਹੈ ?

( i ) ਅਸਮਾਨ ( ii ) ਹਵਾਵਾਂ

( iii) ਝੜੀ ( iv ) ਬੱਦਲ

(ਅ) ਗੁੰਬਦ ਦੇ ਆਂਡੇ ਨੂੰ ਕੀ ਹੋਇਆ ?

( i ) ਟੇਡਾ ਹੋ ਗਿਆ ( ii ) ਤਿੜਕ ਗਿਆ

( iii) ਪੀਲ਼ਾ ਪੈ ਗਿਆ ( iv ) ਟੋਟੇ-ਟੋਟੇ ਹੋ ਗਿਆ

(ੲ) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਿਸ਼ ਸ਼ਾਹ' ਵਿੱਚ ਕਿਹੜੇ ਸਾਲ ਦਾ ਦੁਖਾਂਤਕ ਚਿਤਰਨ ਹੋਇਆ ਹੈ ?

( i ) 1857 ( ii ) 1914

( iii) 1947 ( iv ) 1965

(ਸ) 'ਮੇਰਾ ਬਚਪਨ' ਕਵਿਤਾ ਦਾ ਕਵੀ ਕੌਣ ਹੈ ?

(ਹ) ਬਿਰਹਾ ਦਾ ਕਵੀ ਕੌਣ ਹੈ ?

ਪ੍ਰਸ਼ਨ 10.- ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ। 2*3=6

(ੳ) ਅੰਮ੍ਰਿਤਾ ਪ੍ਰੀਤਮ ਵਾਰਿਸ਼ ਸ਼ਾਹ ਨੂੰ 'ਦਰਦਮੰਦਾ ਦਿਆ ਦਰਦੀਆ' ਕਿਉਂ ਕਹਿੰਦੀ ਹੈ ?

(ਅ) ਕਵੀ ( ਸ਼ਿਵ ਕੁਮਾਰ ਬਟਾਲਵੀ) ਆਪਣੇ ਦੁੱਖਾਂ ਦਾ ਪਰਾਗਾ ਭੁੱਨਾ ਕੇ ਕਿੱਥੇ ਜਾਣਾ ਚਾਹੁੰਦਾ ਹੈ ?

(ੲ) ਕਸ਼ਮੀਰ ਦੀ ਧਰਤੀ ਸਾਰੇ ਜੱਗ ਤੋਂ ਨਯਾਰੀ ਕਿਵੇਂ ਹੈ ?

ਪ੍ਰਸ਼ਨ 11.-ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ। 3

ਫਿਰ ਵੀ ਕੰਮ ਕਰਾਵਣ ਵਾਲੇ,ਮਾਰ ਮਾਰ ਕੇ ਫਾਂਟਾਂ,

ਮਾਸੂਮਾਂ ਦੇ ਪਿੰਡਿਆਂ ਉੱਤੇ,ਚਾੜ੍ਹੀ ਜਾਣ ਸਲਾਟਾਂ,

ਏਦਾਂ ਮਜ਼ਦੂਰਾਂ ਦੀ ਝਾਕੀ, ਜਦ ਮੈਨੂੰ ਦਿਸ ਆਈ,

ਨਾਲ ਪੀੜ ਦੇ ਕਲਵਲ ਹੋ ਕੇ, ਰੂਹ ਮੇਰੀ ਕੁਰਲਾਈ।

ਜਾਂ

ਚੁੰਮ-ਚੁੰਮ ਰੱਖੋ ਨੀ ਇਹ ਕਲਗ਼ੀ ਜੁਝਾਰ ਦੀ,

ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ।

ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਣਗੇ,

ਚੰਨਾਂ ਦਿਆਂ ਚਿਹਰਿਆਂ 'ਚੋਂ ਚੰਨ ਮੁਸਕਾਣਗੇ।

ਵਿਹੜੇ ਵਿੱਚ ਠਾਠਾਂ ਮਾਰੂ ਖ਼ੁਸ਼ੀ ਸੰਸਾਰ ਦੀ।

ਪ੍ਰਸ਼ਨ 12.- ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਿਖੋ। 3

(ੳ) ਟੁਕੜੀ ਜੱਗ ਤੋਂ ਨਯਾਰੀ

(ਅ) ਮੇਰਾ ਬਚਪਨ

ਪ੍ਰਸ਼ਨ 13.-ਹੇਠ ਲਿਖੇ ਪ੍ਰਸ਼ਨਾਂ ਦੇ ਦੱਸੇ ਅਨੁਸਾਰ ਉੱਤਰ ਦਿਓ। 1*5=5

(ੳ) ਸਾਂਝ ਕਹਾਣੀ ਦੇ ਲੇਖਕ ਦਾ ਨਾਂ ਹੈ :

(i) ਸੁਜਾਨ ਸਿੰਘ (ii) ਕਰਤਾਰ ਸਿੰਘ ਦੁੱਗਲ

(iii) ਪ੍ਰੇਮ ਪ੍ਰਕਾਸ਼ (iv) ਦਲੀਪ ਕੌਰ ਟਿਵਾਣਾ

(ਅ) ਨੀਲੀ ਕਹਾਣੀ ਵਿੱਚ ਨੀਲੀ ਕੌਣ ਹੈ :

(i) ਲੇਖਕ ਦੀ ਪਤਨੀ (ii) ਗਵਾਲੇ ਦੀ ਪਤਨੀ

(iii) ਗਵਾਲੇ ਦੀ ਗਾਂ (iv) ਗਾਂ ਦੀ ਵੱਛੀ

(ੲ) ਲੇਖਕ ਦੀ ਪਤਨੀ ਕਿਸ ਨਾਲ਼ ਸਮਝੌਤੇ ਦਾ ਰਾਹ ਲੱਭ ਰਹੀ ਸੀ :

(i) ਲੇਖਕ ਨਾਲ਼ (ii) ਆਪਣੇ ਭਰਾ ਨਾਲ਼

(iii) ਆਪਣੀ ਸਹੇਲੀ ਨਾਲ਼ (iv) ਰਿਕਸ਼ੇ ਵਾਲੇ ਨਾਲ਼

(ਸ) ਜੀਤੋ ਕਿਸ ਕਹਾਣੀ ਦੀ ਪਾਤਰ ਹੈ ?

(ਹ) 'ਸਾਂਝ' ਕਹਾਣੀ ਵਿੱਚ ਬੁੱਢੀ ਮਾਈਂ ਨੇ ਕਿਹੜੇ ਪਿੰਡ ਜਾਣਾ ਸੀ ?

ਪ੍ਰਸ਼ਨ 14.- ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ। 2*3=6

(ੳ) 'ਸਾਂਝ' ਕਹਾਣੀ ਵਿੱਚ ਕਿਹੜੀ ਸਾਂਝ ਦਾ ਜ਼ਿਕਰ ਆਇਆ ਹੈ ?

(ਅ) 'ਨੀਲੀ' ਕਹਾਣੀ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ?

(ੲ) ਜੀਤੋ ਦੇ ਵੀਰੇ ਨੂੰ ਕੌਣ ਅਤੇ ਕਿਉਂ ਉਲ੍ਹਾਮੇ ਦਿੰਦੇ ਸਨ ?

ਪ੍ਰਸ਼ਨ 15.- ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਚਰਿਤੱਰ-ਚਿਤਰਨ ਕਰੋ। 3

ੳ. ਗਵਾਲੇ ਦਾ ਪਾਤਰ-ਚਿਤਰਨ

ਅ . ਜੀਤੋ ਦਾ ਪਾਤਰ-ਚਿਤਰਨ।

ਪ੍ਰਸ਼ਨ 16.- ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਦਾ ਆਲੋਚਨਾਤਮਕ ਸਾਰ ਲਿਖੋ। 3

ੳ . ਸਾਂਝ

ਅ . ਮਾੜਾ ਬੰਦਾ